pstcl

# ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ

(ਰਜਿ: ਦਫਤਰ: ਪੀ.ਐਸ.ਈ.ਬੀ., ਹੈਡ ਆਫਿਸ, ਦੀ ਮਾਲ, ਪਟਿਆਲਾ-147001, ਪੰਜਾਬ, ਭਾਰਤ)
ਕਾਰਪੋਰੇਟ ਆਈ.ਡੀ. ਨੰ: **U40109PB2010SGC033814**
ਦਫਤਰ: ਉਪ ਮੁੱਖ ਇੰਜੀਨੀਅਰ/ ਐਚ.ਆਰ. ਤੇ ਪ੍ਰਬੰਧਕੀ, ਸ਼ਕਤੀ ਸਦਨ, ਪਟਿਆਲਾ
ਫੈਕਸ ਨੰ:0175-2220054 ਟੈਲੀਫੋਨ ਨੰ:0175-2225907 ਵੈਬ ਸਾਈਟ: pstcl.org

All Sdy 325 17/3/15

ਵੱਲ

1) ਮੁੱਖ ਇੰਜੀਨੀਅਰ/ਟੀ.ਐਸ.,ਪੀ.ਐਸ.ਟੀ.ਸੀ.ਐਲ., ਪਟਿਆਲਾ,
2) ਮੁੱਖ ਇੰਜੀਨੀਅਰ/ਪੀ ਤੇ ਐਮ,ਪੀ.ਐਸ.ਟੀ.ਸੀ.ਐਲ., ਲੁਧਿਆਣਾ,
3) ਮੁੱਖ ਇੰਜੀਨੀਅਰ/ ਐਸ.ਐਲ.ਡੀ.ਸੀ,ਪੀ.ਐਸ.ਟੀ.ਸੀ.ਐਲ., ਅਬਲੋਵਾਲ,
4) ਸਮੂਹ ਉਪ ਮੁੱਖ ਇੰਜੀਨੀਅਰ/ਨਿਗਰਾਨ ਇੰਜੀਨੀਅਰ, ਅਧੀਨ ਪੀ.ਐਸ.ਟੀ.ਸੀ.ਐਲ.
5) ਨਿਗਰਾਨ ਇੰਜੀਨੀਅਰ/ ਪਲਾਨਿੰਗ,ਪੀ.ਐਸ.ਟੀ.ਸੀ.ਐਲ., ਪਟਿਆਲਾ।
6) ਵਿੱਤ ਸਲਾਹਕਾਰ,ਪੀ.ਐਸ.ਟੀ.ਸੀ.ਐਲ., ਪਟਿਆਲਾ।
7) ਸੀ.ਐਫ.ਓ.,ਪੀ.ਐਸ.ਟੀ.ਸੀ.ਐਲ.,ਪਟਿਆਲਾ।
8) ਕੰਪਨੀ ਸੈਕਟਰੀ, ਪੀ.ਐਸ.ਟੀ.ਸੀ.ਐਲ., ਪਟਿਆਲਾ।
9) ਉਪ ਸਕੱਤਰ/ਲੀਗਲ-ਭਾਗ, ਪੀ.ਐਸ.ਟੀ.ਸੀ.ਐਲ., ਪਟਿਆਲਾ।

ਮੀਮੋ ਨੰ: 3838/65 **/ Gazt./Misc.-20**

ਮਿਤੀ: 12.03.2015

ਵਿਸ਼ਾ:- ਵਿੱਤੀ ਸਾਲ 2014-15 ਦੀਆਂ ਚੱਲ/ਅਚੱਲ ਸੰਪਤੀ ਸਾਰਣੀਆਂ ਭੇਜਣ ਸਬੰਧੀ।

ਪੰਜਾਬ ਰਾਜ ਬਿਜਲੀ ਬੋਰਡ (ਹੁਣ ਪੀ.ਐਸ.ਪੀ.ਸੀ.ਐਲ./ ਪੀ.ਐਸ.ਟੀ.ਸੀ.ਐਲ.) ਕਰਮਚਾਰੀ ਕੰਡਕਟ ਐਕਟ 1971 ਅਧੀਨ ਵਿੱਤੀ ਸਾਲ ਦੇ ਅੰਤ ਤੇ ਆਪਣੀ ਚੱਲ/ਅਚੱਲ ਸੰਪਤੀ ਦੀ ਸਾਰਣੀ ਨਾਲ ਨੱਥੀ ਪ੍ਰਫਾਰਮੇ ਤੇ ਭੇਜਣੀ ਹੁੰਦੀ ਹੈ। ਹਦਾਇਤਾਂ ਅਨੁਸਾਰ ਸੰਪਤੀ ਸਾਰਨੀਆਂ ਨੂੰ ਦਾਇਰ ਕਰਨ ਨੂੰ ਨਿਸਚਿਤ ਕਰਨ ਲਈ ਲੋੜੀਂਦੇ ਇੰਦਰਾਜ਼ ਦਾ ਪ੍ਰਾਵਧਾਨ ਗਜ਼ਟਿਡ ਅਧਿਕਾਰੀਆਂ ਦੇ ਗੁਪਤ ਯੋਗਤਾ ਰਿਪੋਰਟ ਦੇ ਫਾਰਮ ਵਿੱਚ ਕੀਤਾ ਜਾ ਚੁੱਕਾ ਹੈ, ਪ੍ਰੰਤੂ ਅਕਸਰ ਇਹ ਵੇਖਣ ਵਿੱਚ ਆਇਆ ਹੈ ਕਿ ਅਧਿਕਾਰੀ ਗੁਪਤ ਯੋਗਤਾ ਰਿਪੋਰਟ ਫਾਰਮ ਵਿੱਚ ਸੰਪਤੀ ਸਾਰਣੀਆਂ ਭੇਜਣ ਦਾ ਪੱਤਰ ਨੰਬਰ ਅਤੇ ਮਿਤੀ ਦਰਸਾ ਦਿੰਦੇ ਹਨ ਪਰ ਇਹਨਾਂ ਅਧਿਕਾਰੀਆਂ ਦੀਆਂ ਸੰਪਤੀ ਸਾਰਣੀਆਂ ਇਸ ਦਫਤਰ ਵਿੱਚ ਪ੍ਰਾਪਤ ਨਹੀਂ ਹੁੰਦੀਆਂ।

ਉਪਰੋਕਤ ਦੇ ਮੱਦੇ ਨਜ਼ਰ ਉਚ ਅਧਿਕਾਰੀਆਂ ਵੱਲੋਂ ਇਹ ਫੈਸਲਾ ਲਿਆ ਗਿਆ ਹੈ ਕਿ ਅੱਗੇ ਤੋਂ ਹਰ-ਇੱਕ ਅਧਿਕਾਰੀ ਦੀ ਸੰਪਤੀ ਸਾਰਣੀ ਦੀ ਕਾਪੀ ਰਿਪੋਰਟਿੰਗ ਅਧਿਕਾਰੀ ਵੱਲੋਂ ਗੁਪਤ ਯੋਗਤਾ ਰਿਪੋਰਟ ਨਾਲ ਨੱਥੀ ਕਰਕੇ ਭੇਜਣੀ ਯਕੀਨੀ ਬਣਾਈ ਜਾਵੇ। ਪੜਤਾਲੀਆ ਅਧਿਕਾਰੀ ਵੱਲੋਂ ਗੁਪਤ ਯੋਗਤਾ ਰਿਪੋਰਟ ਤਾਂ ਹੀ ਸਵੀਕਾਰ ਕੀਤੀ ਜਾਵੇ ਜੇਕਰ ਉਸ ਨਾਲ ਸੰਪਤੀ ਸਾਰਣੀ ਦੀ ਕਾਪੀ ਨੱਥੀ ਕੀਤੀ ਗਈ ਹੋਵੇ। ਇਸ ਤੋਂ ਇਲਾਵਾ ਵਿਭਾਗਾਂ ਦੇ ਮੁੱਖੀਆ ਦੁਆਰਾ ਗੁਪਤ ਯੋਗਤਾ ਰਿਪੋਰਟਾਂ ਅਤੇ ਸੰਪਤੀ ਸਾਰਣੀਆਂ ਸਬੰਧੀ ਇੱਕਠਾ **Completion Certificate** ਮਿਤੀ:30.04.2015 ਤੱਕ ਭੇਜਣਾ ਵੀ ਸੁਨਿਸ਼ਚਿਤ ਕੀਤਾ ਜਾਵੇ। ਜੇਕਰ ਸੰਪਤੀ ਸਾਰਣੀ ਦੀ ਕਾਪੀ ਗੁਪਤ ਯੋਗਤਾ ਰਿਪੋਰਟ ਦੇ ਨਾਲ ਨੱਥੀ ਹੋਵੇਗੀ ਤਾਂ ਹੀ ਇਸ ਦਫਤਰ ਵੱਲੋਂ ਅਧਿਕਾਰੀ ਦੀ ਗੁਪਤ ਯੋਗਤਾ ਰਿਪੋਰਟ ਨੂੰ ਸਵੀਕਾਰ ਕੀਤਾ ਜਾਵੇਗਾ।

ਇਹਨਾਂ ਜ਼ਾਰੀ ਹਦਾਇਤਾਂ ਸਬੰਧੀ ਆਪ ਜੀ ਦੇ ਅਧੀਨ ਕੰਮ ਕਰਦੇ ਸਮੂਹ ਗਜ਼ਟਿਡ ਅਧਿਕਾਰੀਆਂ ਨੂੰ ਜਾਣੂ ਕਰਵਾ ਦਿੱਤਾ ਜਾਵੇ ਜੀ।

ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ ਜੀ।

ਉਪ ਸਕੱਤਰ/ ਅਮਲਾ,
ਪੀ.ਐਸ.ਟੀ.ਸੀ.ਐਲ.,ਪਟਿਆਲਾ।

ਸੀਸੀ/

ਸੀਨੀ. ਕਾਰਜਕਾਰੀ ਇੰਜੀ/ਆਈ.ਟੀ. ਪੀ.ਐਸ.ਟੀ.ਸੀ.ਐਲ.,ਪਟਿਆਲਾ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਉਪਰੋਕਤ ਹਦਾਇਤਾਂ ਨੂੰ ਪੀ.ਐਸ.ਟੀ.ਸੀ.ਐਲ.,ਪਟਿਆਲਾ ਦੀ ਵੈਬਸਾਈਟ ਤੇ ਪਾਇਆ ਜਾਵੇ।